# "ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥"

*-ਗੁਰਸਿੱਖ ਫੀਚਰਜ਼*

ਸਾਡੇ ਦੇਸ਼ ਵਾਸੀਆਂ ਦੀ ਅਤੇ ਖਾਸ ਕਰਕੇ ਪੰਜਾਬੀਆਂ ਦੀ ਇਕ ਖਾਸ ਮਨੋਬਿਰਤੀ ਬਣੀ ਹੋਈ ਹੈ ਕਿ ਜੋ ਸਾਡਾ ਮਿੱਤਰ ਹੈ, ਉਸ ਦੇ ਸਾਰੇ ਗੁਨਾਹ ਮੁਆਫ਼ ਹਨ ਅਤੇ ਜਿਸ ਨਾਲ ਸਾਡੀ ਦੁਸ਼ਮਣੀ ਪੈ ਜਾਵੇ, ਉਸ ਦੇ ਸਾਰੇ ਗੁਣ ਵੀ ਔਗੁਣ ਦਿਸਦੇ ਹਨ। ਦੂਸਰੀ ਗੱਲ ਜੋ ਸਾਡੇ ਮਨ 'ਤੇ ਹਾਵੀ ਹੈ ਕਿ, ਜਿਸ ਤਰ੍ਹਾਂ ਆਪਣੇ ਮਿੱਤਰ ਨੂੰ ਵਡਿਆਉਣ ਅਤੇ ਮਦਦ ਕਰਨ ਵਿਚ ਪੂਰੀ ਵਾਹ ਲਾਉਂਦੇ ਹਾਂ, ਉਸ ਤੋਂ ਜ਼ਿਆਦਾ ਜ਼ੋਰਦਾਰ, ਜਾਇਜ਼ -ਨਜਾਇਜ਼ ਤਰੀਕਾ ਵਰਤ ਕੇ ਆਪਣੇ ਦੁਸ਼ਮਣ ਨੂੰ ਬਦਨਾਮ ਕਰਨ ਵਿਚ ਕੋਈ ਕਸਰ ਨਹੀਂ ਛੱਡਦੇ।

ਜਦ ਅਸੀਂ ਸ. ਗੁਰਬਖਸ਼ ਸਿੰਘ ਕਾਲਾ ਅਫ਼ਗਾਨਾ ਜੀ ਦੀ ਲਿਖੀ ਪੁਸਤਕ 'ਬਿਪ੍ਰਨ ਕੀ ਰੀਤ ਤੋਂ ਸੱਚ ਦਾ ਮਾਰਗ' ਦਾ ਅਧਿਐਨ ਕਰਦੇ ਹਾਂ ਤਾਂ ਉਨ੍ਹਾਂ ਦੇ ਮਨੋਵੇਗ ਦੀਆਂ ਦੋਨਾਂ ਬਿਰਤੀਆਂ ਦੇ ਦਰਸ਼ਨ ਸਹਿਜੇ ਹੀ ਹੋ ਜਾਂਦੇ ਹਨ। ਆਪਣੇ ਮਨ ਦੀ ਬਣਾਈ ਪ੍ਰਪੱਕ ਧਾਰਨਾ ਅਨੁਸਾਰ, ਬਚਿੱਤ੍ਰ ਨਾਟਕ ਨੂੰ ਮਨੋ-ਕਲਪਿਤ, ਕਿਸੇ ਸ਼ਿਵ ਭਗਤ ਬ੍ਰਾਹਮਣ ਦੀ ਕ੍ਰਿਤ ਸਾਬਤ ਕਰਦੇ, ਇਨ੍ਹਾਂ ਨੂੰ ਪਤਾ ਹੀ ਨਹੀਂ ਰਹਿੰਦਾ ਕਿ ਮੈਂ ਕਿੱਥੇ ਕੀ ਲਿਖ ਰਿਹਾ ਹਾਂ ਅਤੇ ਕਿੱਦਾਂ ਲਿਖ ਰਿਹਾ ਹਾਂ ਅਤੇ ਜੋ ਦਲੀਲ ਦੇ ਰਿਹਾ ਹਾਂ, ਉਸ ਦਾ ਪ੍ਰਕਰਣ ਨਾਲ ਕੋਈ ਤੁਅਲਕ ਹੈ ਜਾਂ ਨਹੀਂ। ਪਾਠਕਾਂ ਦੀ ਜਾਣਕਾਰੀ ਲਈ ਅਸੀਂ ਉਨ੍ਹਾਂ ਦੀ ਇਸ ਕਿਤਾਬ ਵਿਚੋਂ ਉਨ੍ਹਾਂ ਦੀ ਲਿਖਤ ਦੇ ਹੀ ਦਰਸ਼ਨ ਕਰਾਉਣ ਦੀ ਕੋਸ਼ਿਸ਼ ਕਰਾਂਦੇ ਹਾਂ ਤਾਂ ਜੋ ਪਾਠਕ ਸਹੀ ਨਿਰਨਾ ਲੈ ਸਕਣ।

**ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥**
**ਕੀਨੋ ਬਡੋ ਕਲੂ ਮਹਿ ਸਾਕਾ ॥**
**ਸਾਧਨ ਹੇਤ ਇਤੀ ਜਿਨ ਕਰੀ ॥**
**ਸੀਸੁ ਦੀਆ ਪਰ ਸੀ ਨ ਉਚਰੀ ॥**

*(ਬਿਪ੍ਰਨ ਕੀ ਰੀਤ ਤੋਂ.....ਪੰਨਾ ੪੯)*

ਅਰਥ:- ਉਨ੍ਹਾਂ (ਦੁਖੀ ਬ੍ਰਾਹਮਣਾਂ ਦਾ) ਤਿਲਕ ਦੇ ਜੰਞੂ (ਪ੍ਰਭੂ) ਸਵਾਮੀ (ਸ੍ਰੀ ਗੁਰੂ ਤੇਗ ਬਹਾਦਰ ਜੀ) ਨੇ ਰੱਖ ਲਿਆ। ਕਲਜੁਗ ਵਿਚ (ਆਪ ਜੀ ਨੇ) ਵੱਡਾ ਸਾਕਾ ਕੀਤਾ। ਸੰਤਾਂ ਦੇ (ਰੱਖਿਆ) ਵਾਸਤੇ ਜਿਨ੍ਹਾਂ ਨੇ (ਕੁਰਬਾਨੀ ਦੀ) ਹੱਦ ਕਰ ਦਿੱਤੀ ਤੇ ਆਪਣਾ ਸੀਸ ਦੇ ਦਿੱਤਾ, ਪਰ ਮੂੰਹੋਂ ਸੀ ਵੀ ਨਹੀਂ ਉਚਰੀ।

ਦਲੀਲ:- ਜੇ ਉਹੀ ਜਨੇਊ ਠੱਗਾਂ ਲੁਟੇਰਿਆਂ, ਧੋਖੇਬਾਜ਼ਾਂ, ਪਖੰਡੀਆਂ , ਤਸਕੀਰੀਆਂ ਕਾਤਲਾਂ ਅਤੇ ਬਲਾਤਕਾਰੀਆਂ ਨੇ ਪਾਇਆ ਹੋਇਆ ਹੋਵੇ, ਜੇ ਉਸੇ ਤਿਲਕ, ਜਨੇਊ ਦਾ ਧਾਰਨੀ, ਕੁਟਲ ਗਿਆਨੀ ਲੋਕਾਂ ਨੂੰ ਸੁਰਗਾਂ ਦੇ ਝਾਂਸੇ ਵਿਚ ਫਸਾ ਕੇ ਹਜ਼ਾਰਾਂ ਬੱਚੀਆਂ ਨੂੰ ਪੱਥਰਾਂ ਦੇ ਭਗਵਾਨਾਂ ਨਾਲ ਵਿਆਹ ਕੇ ਆਪਣੀ ਹਵਸ ਦਾ ਸ਼ਿਕਾਰ ਬਣਾ ਰਿਹਾ ਹੋਵੇ ਤਾਂ ਸਤਿਗੁਰਾਂ ਲਈ ਫਿਰ ਵੀ ਜ਼ਰੂਰੀ ਸੀ ਕਿ ਉਹ ਤਿਲਕ ਜੰਞੂ ਦਾ ਰਾਖਾ ਬਣਦੇ?

ਇਸ ਤੋਂ ਅੱਗੇ ਕਾਲਾ ਅਫ਼ਗਾਨਾ ਜੀ ਨੇ ਪੰਜ ਉਦਾਹਰਣਾਂ ਗੁਰਬਾਣੀ ਦੀਆਂ ਬ੍ਰਾਹਮਣ ਦੇ ਭੇਖ ਨੂੰ ਖੰਡਨ ਲਈ ਦਿੱਤੀਆਂ ਹਨ, ਜਿਨ੍ਹਾਂ ਦਾ ਮੂਲ ਵਿਸ਼ੇ-ਵਸਤੂ ਨਾਲ ਕੋਈ ਸਰੋਕਾਰ ਨਹੀਂ ਹੈ। ਅੱਗੇ ਉਹ ਲਿਖਦੇ ਹਨ ਕਿ ਕਿਸੇ ਦੇ ਧਰਮ ਚਿੰਨ੍ਹਾਂ ਨਾਲ ਗੁਰੂ ਜੀ ਦਾ ਕੋਈ ਵਾਸਤਾ ਨਹੀਂ, ਸ਼ੁਭ ਅਮਲਾਂ ਦੀ ਗੱਲ ਹੈ ਅਤੇ ਜੂਝਣਾ "ਦੀਨ ਕੇ ਹੇਤ ਹੈ"। ਗੁਰਮਤਿ ਤਾਂ ਮਜ਼ਲੂਮਾਂ, ਦੁਖਿਆਰਿਆਂ, ਨਿਰਆਸਰਿਆਂ, ਅਤੁਰਾਂ ਦੀ ਰੱਖਿਆ ਕਰਦਿਆਂ ਪੁਰਜਾ-ਪੁਰਜਾ ਹੋ ਕੇ ਕੱਟ ਮਰਨ ਦਾ ਸਿਧਾਂਤ ਹੈ:

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥**
**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥**

ਹੇਠਾਂ ਫੁਟ ਨੋਟ ਵਿਚ ਲਿਖਦੇ ਹਨ ਕਿ ਇਥੇ ਦੀਨ ਦਾ ਅਰਥ ਧਰਮ ਕਰਨਾ ਕੁਟਿਲਤਾ ਹੈ ਜਾਂ ਅਗਿਆਨਤਾ।

ਪ੍ਰਸ਼ਨ:- **ਕੀ ਇਹ ਠਾਣੇਦਾਰੀ ਹੁਕਮ ਮੰਨਣਾ ਸਭ ਲਈ ਜ਼ਰੂਰੀ ਹੈ? ਇਥੇ ਫਾਰਸੀ ਦੇ 'ਦੀਨ' ਵਾਲੇ ਅਰਥ ਧਰਮ ਕਿਉਂ ਨਹੀਂ ਕੀਤੇ ਜਾ ਸਕਦੇ?**

ਕਾਲਾ ਅਫ਼ਗਾਨਾ ਜੀ ਦੀ ਉਪਰਲੀ ਲਿਖਤ ਦੇ ਸੰਧਰਭ ਵਿਚ ਅਸੀਂ ਉਨ੍ਹਾਂ ਨੂੰ ਹੇਠਲੇ ਸਪਸ਼ਟੀਕਰਨ ਦੇਣ ਲਈ ਬੇਨਤੀ ਕਰਾਂਗੇ।

1. ਜਦ ਕੋਈ ਬੰਦਾ ਕਿਸੇ ਨੂੰ ਇਹ ਵਾਸਤਾ ਪਾਉਂਦਾ ਹੈ ਕਿ ਮੇਰੀ ਦਾੜ੍ਹੀ ਪੱਗ ਦੀ ਲਾਜ ਰੱਖੀਂ ਤਾਂ ਕੀ ਉਸ ਦਾ ਭਾਵ ਪੱਗ ਮੈਲੀ ਹੋਣ ਤੋਂ ਅਤੇ ਦਾੜ੍ਹੀ ਵਿਚ ਰੇਤ ਦੀ ਬੁਕ ਪਾਉਣ ਤੋਂ ਹੁੰਦਾ ਹੈ ਜਾਂ ਬੰਦੇ ਦੀ ਵਿਅਕਤੀਗਤ ਸਮਾਜਕ ਬੇਇਜ਼ਤੀ ਵੱਲ ਇਸ਼ਾਰਾ ਹੁੰਦਾ ਹੈ?
2. ਜੇ ਕੋਈ ਬੰਦਾ ਕਿਸੇ ਦੀ ਦਾੜ੍ਹੀ ਫੜ ਲਵੇ ਤਾਂ ਉਹ ਦਾੜ੍ਹੀ ਦੀ ਬੇਇਜ਼ਤੀ ਹੈ ਜਾਂ ਬੰਦੇ ਦੇ ਸ੍ਵੈ-ਅਭਿਮਾਨ ਦੀ?
3. ਜਿਸ ਸਮੇਂ ਦੀ ਇਹ ਰਚਨਾ ਹੈ ਕੀ ਉਸ ਸਮੇਂ ਹਿੰਦੂਆਂ, ਖਾਸ ਕਰਕੇ ਬ੍ਰਾਹਮਣਾਂ ਤੋਂ ਸਿਵਾਏ ਕੋਈ ਮੁਸਲਮਾਨ, ਪਾਰਸੀ, ਯਹੂਦੀ, ਜੈਨੀ ਜਾਂ ਬੋਧੀ ਤਿਲਕਧਾਰੀ ਜਾਂ ਜੰਞੂ ਰੱਖਦਾ ਸੀ?
4. ਜਦ ਸਿੱਖ ਅਰਦਾਸ ਕਰਦਾ ਹੈ ਕਿ ਮੇਰੀ ਸਿੱਖੀ ਕੇਸਾਂ-ਸੁਆਸਾਂ ਨਾਲ ਨਿਭੇ ਤਾਂ ਕੀ ਇਹ ਸਿਰਫ਼ ਕੇਸਾਂ ਲਈ ਹੁੰਦੀ ਹੈ ਜਾਂ ਸਿੱਖੀ ਆਦਰਸ਼ ਲਈ?
5. ਜਦ ਤੁਸੀਂ ਗੁਰਬਾਣੀ ਦੇ ਅਰਥ ਕਰਦੇ ਹੋ ਤਾਂ ਕਹਿੰਦੇ ਹੋ ਕਿ ਕੇਵਲ ਅੱਖਰੀ ਅਰਥ ਠੀਕ ਨਹੀਂ ਭਾਵਾਤਮਕ ਅਰਥਾਂ ਨੂੰ ਲੈਣਾ ਚਾਹੀਦਾ ਹੈ ਪਰ ਇਸ ਮਾਮਲੇ ਵਿਚ ਤੁਸੀਂ ਕੇਵਲ ਅੱਖਰੀ ਅਰਥ ਹੀ ਕਿਉਂ ਕਰ ਰਹੇ ਹੋ?
6. ਤੁਸੀਂ ਕਿਸ ਤਰ੍ਹਾਂ ਸਾਬਤ ਕਰੋਗੇ ਕਿ ਭਾਈ ਕਿਰਪਾ ਰਾਮ ਦੀ ਅਗਵਾਈ ਵਿਚ ਆਏ ਫਰਿਆਦੀ ਕਸ਼ਮੀਰੀ ਬ੍ਰਾਹਮਣ, ਚੋਰ, ਡਾਕੂ, ਲੁਟੇਰੇ, ਕਾਤਲ ਅਤੇ ਬਲਾਤਕਾਰੀ ਸੀ ਜਾਂ ਉਹ ਮਜ਼ਲੂਮ, ਦੁਖਿਆਰੇ ਅਤੇ ਨਿਆਸਰੇ ਨਹੀਂ ਸਨ? ਕੀ ਕਿਸੇ ਦਾ ਜਬਰੀ ਧਰਮ ਬਦਲਣਾ ਜ਼ੁਲਮ ਨਹੀਂ?

## ਬਿਪ੍ਰਨ ਕੀ ਰੀਤ..
## ਕਾਂਡ ੧੯ ਪੰਨਾ ੫੩

**ਠੀਕਰਿ ਫੋਰਿ ਦਿਲੀਸਿ ਸਿਰਿ**
**ਪ੍ਰਭ ਪੁਰ ਕੀਯੋ ਪਯਾਨ ॥**
**ਤੇਗ ਬਹਾਦਰ ਸੀ ਕਿਰਿਆ**
**ਕਰੀ ਨ ਕਿਨਹੂ ਆਨ ॥**

ਅਰਥ:- (ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਦੇਹ ਰੂਪੀ), ਠੀਕਰ, ਔਰੰਗਜ਼ੇਬ ਦੇ ਸਿਰ ਉੱਤੇ ਭੰਨ ਦਿੱਤਾ ਅਤੇ ਆਪ ਸਚਖੰਡ ਨੂੰ ਚਲੇ ਗਏ (ਸ੍ਰੀ ਗੁਰੂ) ਤੇਗ ਬਹਾਦਰ ਵਰਗੀ ਕਰਨੀ ਕਿਸੇ ਹੋਰ ਅਵਤਾਰ ਨੇ ਨਹੀਂ ਕੀਤੀ।

**ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ ॥**
**ਹੈ ਹੈ ਸਭ ਜਗ ਭਯੋ ਜੈ ਜੈ ਸੁਰ ਲੋਕ ॥**

ਅਰਥ:- (ਸ੍ਰੀ ਗੁਰੂ) ਤੇਗ ਬਹਾਦਰ (ਜੀ) ਵਰਗੀ ਕਰਨੀ ਕਿਸੇ ਹੋਰ ਅਵਤਾਰ, ਪੈਗੰਬਰ ਨੇ ਨਹੀਂ ਕੀਤੀ। ਸਾਰੇ ਜਗਤ ਵਿਚ ਹਾਹਾਕਾਰ ਮੱਚ ਗਿਆ। (ਬ੍ਰਹਮ ਲੋਕ, ਵਿਸ਼ਨੂੰ ਲੋਕ, ਸ਼ਿਵ ਲੋਕ ਤੇ) ਇੰਦਰ ਲੋਕ ਵਿਚ ਜੈ ਜੈ ਕਾਰ ਹੋਣ ਲੱਗ ਪਿਆ, ਅਰਥਾਤ ਅਸਮਾਨੀ ਵਸਦਿਆਂ ਨੇ ਗੁਰੂ ਜੀ ਦੇ ਆਉਣ ਦੀਆਂ ਖੁਸ਼ੀਆਂ ਮਨਾਈਆਂ।

## ਗੰਭੀਰ ਸ਼ੰਕੇ:-

1. ਕਿੱਡੀ ਹੈਰਾਨੀ ਦੀ ਗੱਲ ਹੈ ਕਿ ਰਾਮਾਇਣ ਗਾਥਾ ਵਿਚ ਤਾਂ ਇਹ ਦਰਸਾਇਆ ਗਿਆ ਹੈ ਕਿ, ਜਦ ਸੁਰ ਲੋਕ ਦੇ ਵਾਸੀ ਦੇਵਤਿਆਂ ਨੇ ਸੁਣਿਆ ਕਿ ਵਿਸ਼ਨੂੰ ਜੀ ਰਾਮ ਰੂਪ ਦਸਰਥ ਦੇ ਘਰ ਜਨਮ ਲੈਣ ਲਈ ਰਾਜ਼ੀ ਹੋ ਗਏ ਹਨ, (ਭਾਵ ਸੁਰ ਲੋਕ ਤੋਂ ਧਰਤੀ 'ਤੇ ਚਲੇ ਜਾਣ ਦੀ ਖ਼ਬਰ ਸੁਣੀ) ਤਾਂ ਸਾਰੇ ਛੋਟੇ ਵੱਡੇ ਦੇਵੀ ਦੇਵਤੇ ਖੁਸ਼ੀ ਨਾਲ ਨੱਚਣ ਗਾਉਣ ਲੱਗ ਪਏ। 'ਕ੍ਰਿਸ਼ਨਾ' ਡਾਕੂਮੈਂਟਰੀ ਫ਼ਿਲਮ ਵਿਚ ਭਗਵਾਨ ਦੇ ਦੇਵਕੀ ਦੀ ਕੁੱਖੋਂ ਜਨਮ ਲੈਣਾ ਮੰਨੇ ਜਾਣ ਦੀ ਖ਼ਬਰ ਨਾਲ ਬ੍ਰਹਮਾ, ਸ਼ਿਵ ਆਦਿ ਸਾਰੇ ਭਗਵਾਨ ਅਤੇ ਸਾਰੇ ਦੇਵੀ ਦੇਵਤੇ ਖੁਸ਼ੀ ਨਾਲ ਗਾਉਂਦੇ ਨੱਚਦੇ ਇਕ ਦੂਜੇ ਨੂੰ ਵਧਾਈਆਂ ਦਿੰਦੇ ਦਰਸਾਏ ਗਏ ਹਨ। ਪਰ ਇਧਰ ਸੁਰ ਲੋਕਾਂ ਦੇ ਵਸਨੀਕਾਂ ਦੀ ਖੁਸ਼ੀ ਦਾ ਕਾਰਨ ਉਲਟਾ ਹੈ। ਇਧਰ ਧਰਤੀ ਤੋਂ ਗੁਰੂ ਤੇਗ ਬਹਾਦਰ ਜੀ ਦੇ ਵਿਦਾ ਹੋਣ ਤੇ ਖੁਸ਼ੀਆਂ ਕੀਤੀਆਂ ਜਾ ਰਹੀਆਂ ਹਨ। ਸੁਰ ਲੋਕ ਦੇ ਵਾਸੀਆਂ ਨੂੰ ਕਦੇ ਕਿਸੇ ਨੂੰ ਸੁਰਗਾਂ ਤੋਂ ਧਰਤੀ 'ਤੇ ਭੇਜਣ ਦੀ ਖੁਸ਼ੀ ਹੁੰਦੀ ਹੈ ਅਤੇ ਕਦੇ ਕਿਸੇ ਦੇ ਸੁਰਗਾਂ ਵਿਚ ਆਉਣ ਦੀ ਖੁਸ਼ੀ ਕਰ ਰਹੇ ਹੁੰਦੇ ਹਨ। ਪਤਾ ਨਹੀਂ ਇਨ੍ਹਾਂ ਭੰਡਾਂ ਨੂੰ ਕਿਸ ਵੇਲੇ ਕਿਹੜੀ ਗੱਲ ਦੀ ਖੁਸ਼ੀ ਨੇ ਆ ਘੇਰਨਾ ਹੈ।

## ਸਪੱਸ਼ਟੀਕਰਨ:-

ਸ਼ਾਇਦ ਇਸ ਪੱਖ ਤੋਂ ਗੁਰਬਾਣੀ ਦਾ ਅਧਿਐਨ ਕਰਨ ਵਾਲੇ ਅਫ਼ਗਾਨਾ ਜੀ ਭੁੱਲ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 252 'ਤੇ ਗਉੜੀ ਬਾਵਨ ਅੱਖਰੀ ਵਿਚ ਪੰਚਮ ਪਿਤਾ ਉਪਦੇਸ਼ ਕਰ ਰਹੇ ਹਨ:

**ਰਾਰਾ ਰੰਗਹੁ ਇਆ ਮਨੁ ਅਪਨਾ ॥**
**ਹਰਿ ਹਰਿ ਨਾਮੁ ਜਪਹੁ ਜਪ ਰਸਨਾ ॥**
**ਰੇ ਰੇ ਦਰਗਹ ਕਹੈ ਨ ਕੋਊ ॥**
**ਆਉ ਬੈਠੁ ਆਦਰੁ ਸਭ ਦੇਊ ॥**

ਬਾਬਾ ਸੁੰਦਰ ਜੀ ਰਾਮਕਲੀ ਸਦੁ ਵਿਚ ਸ੍ਰੀ ਗੁਰੂ ਅਮਰਦਾਸ ਜੀ ਦੇ ਪਰਲੋਕ ਪਿਆਨੇ ਬਾਰੇ ਇਸ ਤਰ੍ਹਾਂ ਦੱਸ ਰਹੇ ਹਨ:

**ਸਤਿਗੁਰੁ ਕਰੇ ਹਰਿ ਪਹਿ ਬੇਨਤੀ**
**ਮੇਰੀ ਪੈਜ ਰਖਹੁ ਅਰਦਾਸਿ ਜੀਉ ॥**
**ਪੈਜ ਰਾਖਹੁ ਹਰਿ ਜਨਹ ਕੇਰੀ**
**ਹਰਿ ਦੇਹੁ ਨਾਮੁ ਨਿਰੰਜਨੋ ॥**
**ਅੰਤਿ ਚਲਦਿਆ ਹੋਇ ਬੇਲੀ**
**ਜਮਦੂਤ ਕਾਲੁ ਨਿਖੰਜਨੋ ॥**
**ਸਤਿਗੁਰੂ ਕੀ ਬੇਨਤੀ ਪਾਈ**
**ਹਰਿ ਪ੍ਰਭਿ ਸੁਣੀ ਅਰਦਾਸਿ ਜੀਉ ॥**
**ਹਰਿ ਧਾਰਿ ਕਿਰਪਾ ਸਤਿਗੁਰੁ ਮਿਲਾਇਆ**
**ਧਨੁ ਧਨੁ ਕਹੈ ਸਾਬਾਸਿ ਜੀਉ ॥੨॥**

ਭੱਟਾਂ ਦੇ ਸਵੱਈਆਂ ਵਿਚ ਸ੍ਰੀ ਗੁਰੂ ਰਾਮਦਾਸ ਮਹਾਰਾਜ ਦੇ ਜੋਤੀ ਜੋਤਿ ਸਮਾਉਣ ਬਾਰੇ ਇਸ ਤਰ੍ਹਾਂ ਦਰਜ ਹੈ:

**ਦੇਵ ਪੁਰੀ ਮਹਿ ਗਯਉ**
**ਆਪਿ ਪਰਮੇਸ੍ਵਰ ਭਾਯਉ ॥**
**ਹਰਿ ਸਿੰਘਾਸਣੁ ਦੀਅਉ**
**ਸਿਰੀ ਗੁਰੁ ਤਹ ਬੈਠਾਯਉ ॥**
**ਰਹਸੁ ਕੀਅਉ ਸੁਰ ਦੇਵ**
**ਤੋਹਿ ਜਸੁ ਜਯ ਜਯ ਜੰਪਹਿ ॥**
**ਅਸੁਰ ਗਏ ਤੇ ਭਾਗਿ**
**ਪਾਪ ਤਿਨ੍ ਭੀਤਰਿ ਕੰਪਹਿ ॥**
**ਕਾਟੇ ਸੁ ਪਾਪ ਤਿਨ੍ ਨਰਹੁ ਕੇ**
**ਗੁਰੁ ਰਾਮਦਾਸੁ ਜਿਨ੍ ਪਾਇਯਉ ॥**
**ਛਤ੍ਰੁ ਸਿੰਘਾਸਨੁ ਪਿਰਥਮੀ**
**ਗੁਰ ਅਰਜੁਨ ਕਉ ਦੇ ਆਇਅਉ ॥**

ਉਪਰਲੇ ਮਹਾਂਵਾਕਾਂ ਤੋਂ ਪਾਠਕ ਹੁਣ ਆਪ ਹੀ ਅੰਦਾਜ਼ਾ ਲਾ ਲੈਣ ਕਿ ਕਾਲਾ ਅਫ਼ਗਾਨਾ ਜੀ ਦੀ ਦਲੀਲ ਕਿੰਨੀ ਹਾਸੋਹੀਣੀ ਅਤੇ ਥੋਥੀ ਹੈ।

ਇਸ ਤੋਂ ਅਗਲੀ ਲਿਖਤ ਹੋਰ ਵੀ ਉਨ੍ਹਾਂ ਬਾਰੇ ਅਗਿਆਨਤਾ ਦਾ ਪ੍ਰਗਟਾਵਾ ਕਰ ਰਹੀ ਹੈ। ਆਪ ਲਿਖਦੇ ਹਨ:

(2) ਜੇ ਸੱਚਾਈ 'ਤੇ ਦ੍ਰਿੜ੍ਹ ਰਹਿ ਕੇ ਜ਼ੁਲਮ ਸਾਹਮਣੇ ਝੁਕਣ ਤੋਂ ਨਾਂਹ ਕਰਨ ਵਿਚ ਗੁਰੂ ਤੇਗ ਬਹਾਦਰ ਸਾਹਿਬ ਦੇ ਬਲੀਦਾਨ ਨੂੰ ਸਾਰੇ ਅਵਤਾਰਾਂ ਨਾਲੋਂ ਨਿਆਰਾ ਕਿਹਾ ਹੈ ਤਾਂ ਇਹ ਸੱਚ ਨਹੀਂ। ਵੇਰਵਾ ਇਸ ਪ੍ਰਕਾਰ ਹੈ:

(ੳ) ਮਨੁੱਖਤਾ ਦੇ ਉੱਚੇ ਅਸੂਲਾਂ ਦੀ ਖ਼ਾਤਰ ਕਈ ਦਿਨ ਅੱਗ ਤੇ ਪਾਣੀ ਦੇ ਦਿਲ-ਕੰਬਾਊ ਤਸੀਹੇ ਝੱਲ ਕੇ, ਪਰਮਾਤਮਾ ਦੇ ਭਾਣੇ ਨੂੰ ਖਿੜੇ ਮੱਥੇ ਮੰਨਦੇ ਹੋਏ ਸ਼ਹੀਦੀ ਪਾਉਣ ਵਾਲੇ ਪੰਚਮ ਪਾਤਸ਼ਾਹ ਜੀ ਦੀ ਕਰਨੀ ਦੀ ਮਿਸਾਲ, ਸੰਸਾਰ ਦੇ ਇਤਿਹਾਸ ਵਿਚੋਂ ਮਿਲਣੀ ਕਠਿਨ ਹੈ।

(ਅ) ਉਂਝ ਸੱਚਾਈ ਦੀ ਰੱਖਿਆ ਵਿਚ ਜ਼ਾਲਮ ਦੀ ਈਨ ਮੰਨਣ ਦੀ ਸਜ਼ਾ ਵਿਚ ਸੂਲਾਂ ਦਾ ਤਾਜ ਕਈ ਦਿਨ ਸਿਰ 'ਤੇ ਪਾਈ ਰੱਖਣ ਦੇ ਵੱਡੇ ਤਸੀਹੇ ਝੱਲਣ ਉਪਰੰਤ ਕਈ ਦਿਨ ਸੂਲੀ 'ਤੇ ਟੰਗੇ ਰਹਿ ਕੇ ਜਾਨ ਕੁਰਬਾਨ ਕਰ ਦੇਣ ਵਿਚ ਹਜ਼ਰਤ ਈਸਾ ਜੀ ਦੀ ਮਿਸਾਲ ਵੀ ਨਿਵੇਕਲੀ ਹੀ ਹੈ।

(ੲ) ਅਸੂਲ 'ਤੇ ਦ੍ਰਿੜ ਰਹਿ ਕੇ ਜ਼ਹਿਰ ਦਾ ਪਿਆਲਾ ਪੀ ਲੈਣ ਵਾਲਾ ਮਹਾਂਪੁਰਖ 'ਸੁਕਰਾਤ' ਵੀ ਸੰਸਾਰ ਵਿਚ ਦੂਜਾ ਕੋਈ ਨਹੀਂ ਹੋਇਆ। (ਨੋਟ: ਜ਼ਹਿਰ ਦਾ ਪਿਆਲਾ ਹੀਰ ਨੇ ਵੀ ਪੀਤਾ ਸੀ।)

ਕਾਲਾ ਅਫ਼ਗਾਨਾ ਜੀ ਦੀ ਅਗਲੀ ਟਿਪਣੀ ਇਸ ਤੋਂ ਵੀ ਜ਼ਿਆਦਾ ਧਿਆਨਯੋਗ ਹੈ, ਅਖੇ: 'ਬਚਿੱਤਰ ਨਾਟਕ ਨੂੰ ਦਸਮੇਸ਼ ਜੀ ਦੀ ਪਾਵਨ ਕਲਮ ਨਾਲ ਜੋੜਨ ਵਾਲੇ ਸਾਡੇ ਵਿਦਵਾਨਾਂ ਨੂੰ ਨਿਸ਼ਕਪਟ ਸੰਤ ਸੂਰਮਿਆਂ ਵਾਂਗ ਮੰਨ ਲੈਣਾ ਚਾਹੀਦਾ ਹੈ ਕਿ, ਸੱਚ ਦੇ ਅਵਤਾਰ, ਖ਼ੁਦਾਈ ਰਹਿਮਤਾਂ ਦੇ ਬੁੱਕੇ, ਸ੍ਰੀ ਦਸਮੇਸ਼ ਜੀ, ਆਪਣੇ ਪਿਤਾਮਾ, ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਨੂੰ ਨਜ਼ਰ-ਅੰਦਾਜ਼ ਕਰਕੇ ਅਜਿਹਾ ਕੋਰਾ ਝੂਠ ਕਦੇ ਨਹੀਂ ਲਿਖ ਸਕਦੇ।'

## ਸਪੱਸ਼ਟੀਕਰਨ:-

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਦੀ ਸ਼ਹੀਦੀ ਬਾਰੇ ਸਿੱਖ ਇਤਿਹਾਸ ਦੱਸ ਰਿਹਾ ਹੈ ਕਿ ਫਰਿਆਦ ਵਿਚ ਆਏ ਕਸ਼ਮੀਰੀ ਬ੍ਰਾਹਮਣਾਂ ਦੀ ਫਰਿਆਦ ਪੂਰੀ ਕਰਨ ਲਈ ਸ਼ਹੀਦੀ ਦਿੱਤੀ। ਭਾਰਤੀ ਜਨਤਾ ਪਾਰਟੀ ਵੱਲੋਂ ਪ੍ਰਵਾਨਤ ਕਈ ਇਤਿਹਾਸਕਾਰ ਕਹਿ ਰਹੇ ਹਨ ਕਿ ਉਹ ਡਾਕੂ ਅਤੇ ਲੁਟੇਰੇ ਸੀ। ਜਨਤਾ ਕੋਲੋਂ ਜਬਰੀ ਪੈਸੇ ਉਗਰਾਹੁੰਦੇ ਸੀ, ਇਸ ਲਈ ਔਰੰਗਜ਼ੇਬ ਨੇ ਉਨ੍ਹਾਂ ਨੂੰ ਕਤਲ ਕੀਤਾ। ਤੁਸੀਂ ਇਸ ਵਿਚੋਂ ਕਿਸ ਨੂੰ ਠੀਕ ਮੰਨਦੇ ਹੋ? ਜਾਂ ਤੁਹਾਡੀ ਖੋਜ ਅਨੁਸਾਰ ਉਨ੍ਹਾਂ ਦੀ ਸ਼ਹੀਦੀ ਦਾ ਕੀ ਕਾਰਨ ਸੀ? ਨਾਲ ਹੀ ਇਸ ਦੀ ਪ੍ਰੋੜ੍ਹਤਾ ਲਈ ਇਤਿਹਾਸਕ ਹਵਾਲੇ ਵੀ ਦੇਣ ਦੀ ਕਿਰਪਾ ਕਰਨੀ।

ਪਾਠਕ ਆਪ ਹੀ ਅੰਦਾਜ਼ਾ ਲਾਉਣ ਕਿ ਇਕ ਪਾਸੇ ਪਿਛਲੀਆਂ ਤਿੰਨ ਸਦੀਆਂ ਦੇ ਸਿੱਖ ਜਗਤ, ਸਿਰਦਾਰ ਕਪੂਰ ਸਿੰਘ, ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ, ਭਾਈ ਵੀਰ ਸਿੰਘ, ਡਾਕਟਰ ਗੰਡਾ ਸਿੰਘ, ਸੰਤ ਗੁਰਬਚਨ ਸਿੰਘ ਜੀ ਖ਼ਾਲਸਾ ਜੈਸੇ ਮਹਾਨ ਇਤਿਹਾਸਕਾਰਾਂ ਤੋਂ ਇਲਾਵਾ ਹੋਰ ਦੇਸੀ ਅਤੇ ਵਿਦੇਸ਼ੀ ਇਤਿਹਾਸਕਾਰਾਂ ਦੀਆਂ ਨਿਰਪੱਖ ਖੋਜਾਂ ਦੇ ਤੱਥਾਂ 'ਤੇ ਅਧਾਰਿਤ ਇਸ ਸ਼ਹੀਦੀ ਬਾਰੇ ਕੱਢੇ ਸਿੱਟੇ ਦੁਨੀਆਂ ਸਾਹਮਣੇ ਹਨ। ਦੂਸਰੇ ਪਾਸੇ ਸਾਰੀ ਉਮਰ ਲੈਫਟ-ਰਾਈਟ ਕਰਨ ਵਾਲੇ ਪੁਲਸੀਏ ਦੇ ਕਿਆਸਰਾਈਆਂ ਦੇ ਅਧਾਰਤ ਮਨੋਕਲਪਿਤ ਕੱਢੇ ਸਿੱਟੇ ਆਪ ਨੇ ਦੇਖ ਲਏ ਹਨ।

ਕੋਈ ਜੇ ਕਾਲਾ ਅਫ਼ਗਾਨਾ ਜੀ ਨੂੰ ਸਿੱਖੀ ਦੀ ਅਕਾਸ਼-ਗੰਗਾ ਦਾ ਧਰੂ ਤਾਰਾ ਕਹੇ, ਸਾਨੂੰ ਕੋਈ ਅਫ਼ਸੋਸ ਨਹੀਂ, ਪਰ ਦਰਦ ਉਦੋਂ ਹੁੰਦਾ ਹੈ ਜਦ "ਨੈਸ਼ਨਲ ਪ੍ਰੋਫੈਸਰ ਆਫ ਸਿੱਖਇਜ਼ਮ" ਦੀ ਉਪਾਧੀ ਦਾ ਮਾਣ ਰੱਖਣ ਵਾਲੇ ਸ. ਗੁਰਤੇਜ ਸਿੰਘ ਵਰਗੇ ਵੀ ਇਸ ਕੁਫਰਗੜ੍ਹ ਦੀ ਵਡਿਆਈ ਕਰਦੇ ਥਕਦੇ ਨਹੀਂ। ਅਸੀਂ ਉਮੀਦ ਰੱਖਦੇ ਹਾਂ ਕਿ ਸ. ਗੁਰਤੇਜ ਸਿੰਘ ਜੀ ਇਸ ਬਾਰੇ ਆਪਣੇ ਵਿਚਾਰ ਸੰਗਤਾਂ ਨੂੰ ਜ਼ਰੂਰ ਦੱਸਣ ਦੀ ਖੇਚਲ ਕਰਨਗੇ।

ਇਸ 18ਵੇਂ ਕਾਂਡ ਦੀ ਸਮਾਪਤੀ ਦੇ ਪੰਨਾ 54 ਦੀ ਕਾਲਾ ਅਫ਼ਗਾਨਾ ਜੀ ਦੀ ਟਿੱਪਣੀ ਇਸ ਤੋਂ ਵੀ ਅਸਚਰਜ ਭਰੀ ਹੈ।

**ਇਤਿ ਸ੍ਰੀ ਬਚਿਤ੍ਰ ਨਾਟਕ**
**ਗ੍ਰੰਥੇ ਪਾਤਸ਼ਾਹੀ ਬਰਣਨੰ ਨਾਮ**
**ਪੰਚਮੋ ਅਧਿਆਇ ਸਮਾਪਤੁ॥**
**ਸੁਭ ਮਸਤੁ॥੫॥ ਅਫਜੂ॥੨੧੫॥**

## ਕਾਲਾ ਅਫ਼ਗਾਨਾ ਦੀ ਟਿੱਪਣੀ:-

ਸਮਾਪਤੀ ਦੀ ਇਸ ਘੋਸ਼ਣਾ ਤੋਂ ਸ਼ੰਕਾ ਉਪਜਦਾ ਹੈ ਕਿ, ਕੀ ਪਾਤਸ਼ਾਹੀਆਂ ਨੌਂ ਹੀ ਹੋਈਆਂ ਸਨ? ਜੇ ਦਸਵਾਂ ਸਰੂਪ ਵੀ ਪਾਤਸ਼ਾਹੀ ਸੀ, ਤਾਂ ਪਾਤਸ਼ਾਹੀਆਂ ਦਾ ਅਧਿਆਇ ਸਮਾਪਤ ਕਿਵੇਂ ਹੋ ਗਿਆ? ਜੇ ਲਿਖਾਰੀ ਦਸਮੇਸ਼ ਜੀ ਹੀ ਸਨ ਤਾਂ ਉਨ੍ਹਾਂ ਨੇ ਇਸ ਅਧਿਆਇ ਵਿਚ ਦੂਜੀ ਵਾਰੀ ਆਪਣੇ ਆਪ ਨੂੰ ਦੱਸਣ ਦੀ ਲੋੜ ਕਿਉਂ ਨਹੀਂ ਸਮਝੀ?

**ਸਪੱਸ਼ਟੀਕਰਨ:-**

ਕੈਸੀ ਬਚਕਾਨਾ ਦਲੀਲ ਹੈ। ਜਦ ਦਸਮੇਸ਼ ਜੀ ਆਪਣੀ ਜਨਮ ਕਥਾ ਇਸ ਅਧਿਆਇ ਵਿਚ ਲਿਖਦੇ ਹਨ ਤਾਂ ਉਨ੍ਹਾਂ ਨੂੰ ਤਕਲੀਫ਼ ਹੈ, ਇਹ ਕਿਉਂ ਲਿਖੀ ਹੈ, ਜੇ ਇਸ ਅਧਿਆਇ ਵਿਚ ਆਪ ਲਿਖਾਰੀ ਹੋਣ ਦੇ ਨਾਤੇ ਪਹਿਲੀਆਂ ਨੌਂ ਪਾਤਸ਼ਾਹੀਆਂ ਦੇ ਵਰਨਣ ਕਰਨ 'ਤੇ ਅਧਿਆਇ ਦੀ ਸਮਾਪਤੀ ਕਰਦੇ ਹਨ ਤਾਂ ਇਹ ਤਕਲੀਫ ਹੈ ਕਿ ਇਸ ਵਿਚ ਆਪਣਾ ਬਿਰਤਾਂਤ ਕਿਉਂ ਨਹੀਂ ਲਿਖਿਆ, ਜਦ ਕਿ ਸਾਰਾ ਬਚਿਤ੍ਰ ਨਾਟਕ ਉਨ੍ਹਾਂ ਦਾ ਹੀ ਜੀਵਨ ਬਿਰਤਾਂਤ ਹੈ।

## ਕਾਂਡ-੨੦ (ਪੰਨਾ ੬੯)

**ਜੇ ਪ੍ਰਭੂ ਪਰਮ ਪੁਰਖ ਉਪਜਾਏ ॥**
**ਤਿਨ ਤਿਨ ਆਪਨੇ ਰਾਹ ਚਲਾਏ ॥**
**ਮਹਾਂਦੀਨ ਤਬ ਪ੍ਰਭ ਉਪਰਾਜਾ ॥**
**ਅਰਬ ਦੇਸ ਕੋ ਕੀਨੋ ਰਾਜਾ ॥**
**ਤਿਨ ਭੀ ਏਕ ਪੰਥ ਉਪਰਾਜਾ ॥**
**ਲਿੰਗ ਬਿਨਾ ਕੀਨੇ ਸਭ ਰਾਜਾ ॥**
**ਸਭ ਤੇ ਅਪਨਾ ਨਾਮੁ ਜਪਾਯੋ ॥**
**ਸਤਿਨਾਮੁ ਕਾਹੂੰ ਨ ਦ੍ਰਿੜਾਯੋ ॥**

ਅਰਥ:- ਪ੍ਰਭੂ ਨੇ ਜਿਹੜੇ ਵੀ 'ਪਰਮ ਪੁਰਖ' (ਸੁਧਾਰਕ ਮਹਾਤਮਾ) ਪੈਦਾ ਕੀਤੇ, ਉਨ੍ਹਾਂ ਸਭਨਾਂ ਨੇ ਆਪਣੇ ਮਜ਼ਹਬ ਤੋਰ ਲਏ। ਪ੍ਰਭੂ ਨੇ ਫਿਰ (ਮਹਾਂਦੀਨ) ਮੁਹੰਮਦ ਜੀ ਨੂੰ ਪੈਦਾ ਕੀਤਾ, (ਜਿਸ ਨੂੰ) ਅਰਬ ਦੇਸ਼ ਦਾ ਬਾਦਸ਼ਾਹ ਬਣਾਇਆ। ਉਸ ਨੇ ਵੀ ਇਕ ਮਜ਼ਹਬ ਤੋਰ ਦਿੱਤਾ ਹੈ (ਅਤੇ ਆਪਣੇ) ਸਾਰੇ ਰਾਜਾਂ ਨੂੰ ਲਿੰਗ ਤੋਂ ਬਿਨਾਂ ਬਣਾ ਦਿੱਤਾ ਹੈ। (ਅਰਥਾਤ ਉਸ ਨੇ ਆਪਣੇ ਸ਼ਰਧਾਲੂਆਂ ਨੂੰ ਸੁੰਨਤੀ ਬਣਾ ਦਿੱਤਾ) ਸਭਨਾਂ ਤੋਂ ਆਪਣਾ ਨਾਮ ਜਪਾਇਆ ਹੈ (ਇਸ ਤਰ੍ਹਾਂ) ਕਿਸੇ ਨੇ ਵੀ ਸਤਿਨਾਮ ਦਾ ਉਪਦੇਸ਼ ਨਹੀਂ ਦਿੱਤਾ।

## ਕਾਲਾ ਅਫ਼ਗਾਨਾ ਜੀ ਦੀ ਟਿੱਪਣੀ:

ਪਾਠਕ ਖਿਮਾ ਕਰਨ ਅਸ਼ਲੀਲਤਾ ਨੰਗੀ ਕਰਕੇ ਉਹ ਸੱਜਣ ਲਿਖਣ 'ਤੇ ਮਜ਼ਬੂਰ ਕਰ ਰਹੇ ਹਨ, ਜਿਹੜੇ ਇਸ ਦੁਖਦਾਈ ਅਤੇ ਪੰਥ ਲਈ ਹਾਨੀਕਾਰਕ ਨਾਟਕ ਨੂੰ ਦਸਮੇਸ਼ ਜੀ ਦੀ ਲਿਖਤ ਸਿੱਧ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੇ ਹਨ।

ਪਿੱਛੇ ਅਸੀਂ ਪੜ੍ਹ ਆਏ ਹਾਂ ਕਿ ਸੁੰਨਤ ਦੀ ਥਾਂ (ਕਥਿਤ ਤੌਰ 'ਤੇ) ਦਸਮੇਸ਼ ਜੀ ਨੇ 'ਕਿਰਪਾਲ ਨ ਭੀਜਤ ਲਾਂਡ ਕਟਾਏ' ਲਿਖਿਆ ਹੈ ਤੇ ਹੁਣ 'ਲਿੰਗ ਬਿਨਾਂ' ਲਿਖ ਦਿੱਤਾ। ਜੇ ਅਸਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ 'ਸੁੰਨਤ' ਦੇ ਅਰਥ ਨਾ ਸਮਝੇ ਹੁੰਦੇ ਅਤੇ ਇਸਲਾਮੀ ਸ਼ਰ੍ਹਾ ਤੋਂ ਜਾਣੂ ਨਾ ਹੁੰਦੇ ਤਾਂ 'ਲਾਂਡ ਕਟਾਏ' ਅਤੇ 'ਲਿੰਗ ਬਿਨਾਂ' ਸ਼ਬਦਾਂ ਤੋਂ ਅਸਾਂ ਕੀ ਸਮਝਣਾ ਸੀ? ਮੁਸਲਮਾਨਾਂ ਕੋਲੋਂ ਅਸਾਂ ਇਉਂ ਪੁੱਛਣਾ ਆਰੰਭ ਨਹੀਂ ਸੀ ਕਰ ਦੇਣਾ ਕਿ ਹੇ ਭਾਈ ਗੁਆਂਢੀਓ! ਤੁਹਾਡੇ ਘਰ ਬੱਚਿਆਂ ਦਾ ਵੱਗ ਕਿੱਥੋਂ ਆ ਵੜਿਆ ਹੈ? ਸਾਡੇ ਗੁਰੂ ਜੀ ਤਾਂ ਫ਼ੁਰਮਾਨ ਹੈ ਕਿ ਤੁਹਾਡਾ ਲਿੰਗ ਤਾਂ ਕੱਟ ਦਿੱਤਾ ਅਤੇ ਤੁਸੀਂ ਲਿੰਗ ਤੋਂ ਬਿਨਾਂ ਹੀ ਹੋ? ਫਿਰ ਅੱਗੋਂ ਜੋ ਕੁਝ ਸਾਡੇ ਪੁੱਛਣ ਵਾਲਿਆਂ ਨਾਲ ਹੋਣੀ ਸੀ, ਉਸ ਦੀ ਤਾਂ ਖੈਰ ਸੀ, ਪਰ ਜੋ ਕੁਝ ਗੁਰਦੇਵ ਜੀ ਦੀ ਸ਼ਾਨ ਵਿਚ ਸੁਣਨਾ ਪੈਂਦਾ ਅਤੇ ਫਿਰ ਅਣਖ ਜਾਗ ਪੈਣ ਤੇ ਮਜ਼ਹਬੀ ਫਸਾਦ ਚੱਲ ਪੈਣ ਦਾ ਅਨੁਭਵ-ਕਲੇਜਾ ਕੰਬ ਜਾਂਦਾ ਹੈ।

ਯਹੂਦੀਆਂ ਵਿਚ ਵਿਸ਼ਵਾਸ਼ ਬਣਿਆ ਹੋਇਆ ਹੈ ਕਿ ਪੈਦਾ ਹੋਣ ਦੇ ਦਿਨ ਤੋਂ ਦਸਾਂ ਦਿਨਾਂ ਵਿਚ ਜਿਸ ਬੱਚੇ ਦੀ ਫ਼ੁੱਲੋਂ ਦਾ ਅਗਲਾ ਵਾਧੂ ਮਾਸ ਕੱਟ ਦਿੱਤਾ ਜਾਵੇ, ਉਹ ਦਿਮਾਗੀ ਤੌਰ 'ਤੇ ਦੂਜੇ ਬੱਚਿਆਂ ਨਾਲੋਂ ਚੰਗਾ ਨਿਕਲਦਾ ਹੈ। ਇਸ ਗੱਲ ਨੂੰ ਸੱਚਾ ਸਿਧ ਕਰਨ ਲਈ ਉਹ ਕਈ ਉਦਾਹਰਨਾਂ ਦਿੰਦੇ ਹਨ। ਪਰ ਅੱਜ ਅਸੀਂ ਅਜਿਹੀ ਨੀਵੀਂ ਖੱਡ ਵਿਚ ਜਾ ਪਏ

ਹਾਂ, ਕਿ ਕੋਈ ਬੇ-ਦਲੀਲਾ ਫਤਵਾ ਦੇਣ ਲੱਗੇ, ਜਾਂ ਵਿਰੋਧੀ ਵਿਚਾਰਾਂ ਵਾਲੇ ਤੇ ਗੋਲੀ ਦਾਗਣ ਲੱਗੇ, ਢਿੱਲ ਨਹੀਂ ਕਰਦੇ। ਗਿਆਨ ਰੂਪ ਖੜਗ ਦੀ ਵਰਤੋਂ ਕਰਨੀ ਭੁੱਲ ਭੁਲਾ ਬੈਠੇ ਹਾਂ। ਬਿਬੇਕਤਾ ਦਾ ਤਿਆਗ ਕਰ ਕੇ, ਕੱਚੀਆਂ ਗੱਲਾਂ ਸਤਿਗੁਰੂ ਦੇ ਪਾਵਨ ਨਾਮ ਨਾਲ ਜੋੜੀ ਜਾਣ ਨੂੰ ਸਿੱਖੀ ਦੀ ਸੇਵਾ ਮੰਨ ਬੈਠਨਾ ਬਦਕਿਸਮਤੀ ਦੀ ਨਿਸ਼ਾਨੀ ਹੈ।

## ਸਮਾਧਾਨ:-

ਜੇ ਤਾਂ ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਇਸ ਬਾਣੀ ਦਾ ਟੀਕਾ ਕੀਤਾ ਹੁੰਦਾ ਤਾਂ ਫੌਰਨ ਕਾਲਾ ਅਫ਼ਗਾਨਾ ਜੀ ਨੇ ਕੰਪਿਊਟਰ ਤੇ ਕਲਿਕ ਕਰਕੇ ਸਹੀ ਅਰਥ ਲਿਖ ਦੇਣੇ ਸੀ ਅਤੇ ਆਪਣੀ ਉਨ੍ਹਾਂ ਕੋਲ ਇੰਨੀ ਬੁੱਧੀ ਹੈ ਨਹੀਂ, ਇਸ ਲਈ ਅਜਿਹੇ ਜੱਕੜ ਮਾਰੇ ਹਨ।

ਜੇ ਪਹਿਲੇ ਅਧਿਆਇ ਵਿਚ ਸਪੱਸ਼ਟ ਲਿਖ ਦਿੱਤਾ 'ਕਿਰਪਾਲ ਨ ਭੀਜਤ ਲਾਂਡ ਕਟਾਏ' ਤਾਂ ਕਾਲਾ ਅਫ਼ਗਾਨਾ ਜੀ ਨੂੰ ਅਸ਼ਲੀਲਤਾ ਨਜ਼ਰ ਆਉਂਦੀ ਹੈ। ਜੇ ਇਥੇ ਸੰਕੇਤਕ ਅਰਥਾਂ ਵਿਚ ਲਿਖ ਦਿੱਤਾ 'ਲਿੰਗ ਬਿਨਾਂ ਕੀਨੇ ਸਭ ਰਾਜਾ' ਤਾਂ ਅੱਖਰੀ ਅਰਥ ਕਰਕੇ ਅਰਥ ਦਾ ਅਨਰਥ ਕਰ ਦਿੱਤਾ। ਜਦਕਿ ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਜੀ ਅਤੇ ਹੋਰ ਸਾਰੇ ਵਿਦਵਾਨਾਂ ਨੇ ਦੋਨਾਂ ਅਵਸਰਾਂ 'ਤੇ ਅਰਥ ਸੁੰਨਤ ਹੀ ਕੀਤੇ ਹਨ।

## ਉਪਰਲੀ ਟਿੱਪਣੀ ਦੇ ਲਈ ਕਾਲਾ ਅਫ਼ਗਾਨਾ ਜੀ ਨੂੰ ਪ੍ਰਸ਼ਨ:

1. ਤੁਸੀਂ ਆਪਣੀਆਂ ਲਿਖਤਾਂ ਵਿਚ ਬੜੇ ਗੱਜ ਵੱਜ ਕੇ ਕਹਿ ਰਹੇ ਹੋ ਕਿ ਤੁਸੀਂ ਆਦਿ ਤੋਂ ਅੰਤ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਬਾਣੀ ਦਾ ਅਧਿਐਨ ਬੜੇ ਗ਼ੌਰ ਨਾਲ ਕੀਤਾ ਹੈ ਅਤੇ ਪ੍ਰੋ: ਸਾਹਿਬ ਸਿੰਘ ਜੀ ਦਾ ਟੀਕਾ ਅੱਖਰ-ਅੱਖਰ ਤੁਹਾਡੇ ਹਿਰਦੇ ਵਿਚ ਹੈ। ਕੀ ਅੰਗ 477 'ਤੇ ਕਬੀਰ ਸਾਹਿਬ ਦਾ ਆਸਾ ਰਾਗ ਵਿਚ ਇਹ ਸ਼ਬਦ ਤੁਹਾਡੇ ਪਾਠ ਕਰਨ ਵਾਲੇ ਸਰੂਪ ਵਿਚ ਨਹੀਂ ਹੈ:

**ਸਕਤਿ ਸਨੇਹੁ ਕਰਿ ਸੁੰਨਤਿ ਕਰੀਐ**
**ਮੈ ਨ ਬਦਉਗਾ ਭਾਈ ॥**
**ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ**
**ਆਪਨ ਹੀ ਕਟਿ ਜਾਈ ॥੨॥**
**ਸੁੰਨਤਿ ਕੀਏ ਤੁਰਕੁ ਜੇ ਹੋਇਗਾ**
**ਅਉਰਤ ਕਾ ਕਿਆ ਕਰੀਐ ॥**
**ਅਰਧ ਸਰੀਰੀ ਨਾਰਿ ਨ ਛੋਡੈ**
**ਤਾ ਤੇ ਹਿੰਦੂ ਹੀ ਰਹੀਐ ॥੩॥**
**ਛਾਡਿ ਕਤੇਬ ਰਾਮੁ ਭਜੁ ਬਉਰੇ**
**ਜੁਲਮ ਕਰਤ ਹੈ ਭਾਰੀ ॥**
**ਕਬੀਰੈ ਪਕਰੀ ਟੇਕ ਰਾਮ ਕੀ**
**ਤੁਰਕ ਰਹੇ ਪਚਿਹਾਰੀ ॥**

*(ਆਸਾ ਕਬੀਰ ਅੰਗ ੪੭੭)*

ਸਾਬਤ ਸੂਰਤ ਦਸਤਾਰ ਸਿਰਾ ਦੇ ਹਾਮੀ ਦਸਮੇਸ਼ ਪਿਤਾ ਨੇ ਤਾਂ ਰਹਿਤਨਾਮਿਆਂ ਅਨੁਸਾਰ ਸਰੀਰ ਦੇ ਨੱਕ, ਕੰਨ ਛੇਕਣ ਤੋਂ ਵੀ ਮਨ੍ਹਾ ਕੀਤਾ ਹੈ ਪਰ ਤੁਹਾਡੀ ਬਿਬੇਕ ਬੁਧ ਅਤੇ ਗਿਆਨ ਖੜਗ ਇਸ ਦੇ ਵਿਰੁੱਧ ਕਿਉਂ ਹੈ?

2. ਕੀ ਪ੍ਰੋ: ਸਾਹਿਬ ਸਿੰਘ ਜੀ ਦੀ ਵਿਆਕਰਣ ਵਾਲਾ ਟੀਕਾ ਤੁਹਾਡੇ ਨਾਲ ਸਹਿਮਤ ਹੈ?

3. ਕੀ ਤੁਹਾਡੇ ਪਰਮ ਦਿਆਲੂ, ਕ੍ਰਿਪਾਲੂ, ਮਿਠ-ਬੋਲੜਾ, ਸਰਬ ਸ਼ਕਤੀਮਾਨ ਪ੍ਰਮੇਸ਼ਰ ਨੇ ਇਹ ਵਾਧੂ ਮਾਸ ਲਗਾ ਕੇ (ਜਿਸ ਨੂੰ ਕੱਟਣ ਨਾਲ ਬੰਦਾ ਬਾਕੀਆਂ ਨਾਲੋਂ ਬੁਧੀਮਾਨ ਬਣ ਜਾਂਦਾ ਹੈ) ਮੂਰਖਤਾ ਨਹੀਂ ਕੀਤੀ?

4. ਕੀ ਤੁਹਾਡਾ ਪ੍ਰਮੇਸ਼ਵਰ ਪਹਿਲਾਂ ਇਹ ਭੁਲ ਕਰ ਬੈਠਾ? ਹੁਣ ਉਸ ਨੂੰ ਅਕਲ ਦੇਵੋਗੇ ਕਿ ਅੱਗੇ ਨੂੰ ਸਾਰੇ ਬੱਚੇ ਸੁੰਨਤ ਕੀਤੇ ਹੀ ਪੈਦਾ ਹੋਣ।

5. ਕੀ ਤੁਹਾਡੀ ਬਿਬੇਕ-ਬੁਧੀ ਅਤੇ ਗਿਆਨ ਖੜਗ ਦਾ ਮਾਲਕ ਬਣਨ ਦਾ ਇਹੀ ਰਾਜ਼ ਹੈ ਕਿ ਤੁਸੀਂ ਸੁੰਨਤ ਕਰਵਾਈ ਹੋਈ ਹੈ? ਇਸ ਲਈ ਤੁਹਾਨੂੰ ਸਾਰਾ ਸਿੱਖ ਜਗਤ ਬ੍ਰਾਹਮਣਵਾਦੀ, ਅੰਧਵਿਸ਼ਵਾਸ਼ੀ ਅਤੇ ਮੂਰਖ ਜਾਪਦਾ ਹੈ?

6. ਕੀ ਤੁਸੀਂ ਹੁਣ ਵਰਲਡ ਹੈਲਥ ਆਰਗਨਾਈਜੇਸ਼ਨ ਤੋਂ ਇਹ ਮਤਾ ਪਾਸ ਕਰਾਉਣ ਲਈ ਉਪਰਾਲਾ ਕਰੋਗੇ ਕਿ ਅੱਗੇ ਤੋਂ ਸਾਰੀ ਦੁਨੀਆਂ ਵਿਚ ਜਨਮ ਲੈਣ ਵਾਲੇ ਹਰ ਇਕ ਲੜਕੇ ਦੀ ਸੁੰਨਤ ਕਰ ਦਿੱਤੀ ਜਾਵੇ ਤਾਂ ਜੋ ਸਾਰੀ ਦੁਨੀਆਂ ਬੁਧੀਮਾਨਾਂ ਦੀ ਬਣ ਜਾਵੇ?

ਧਿਰਕਾਰ ਹੈ ਅਜਿਹੇ ਬੰਦਿਆਂ ਤੋਂ ਜੋ ਅਜਿਹੇ ਬੇ-ਦਲੀਲੇ ਬੰਦੇ ਨੂੰ ਸਿੱਖਾਂ ਦੀ ਆਕਾਸ਼ ਗੰਗਾ ਦਾ 'ਧਰੂ ਤਾਰਾ' ਬਣਾ ਕੇ ਆਪਣੀਆਂ ਦੁਕਾਨਾਂ ਚਲਾ ਰਹੇ ਹਨ।

ਜਿਸ ਪੈਰੇ ਨਾਲ ਅਸੀਂ ਇਹ ਲੇਖ ਸ਼ੁਰੂ ਕੀਤਾ ਸੀ, ਸਾਡੀ ਉਸ ਟਿੱਪਣੀ ਦਾ ਕਾਲਾ ਅਫ਼ਗਾਨਾ ਜੀ ਦੀ ਇਸ ਟਿੱਪਣੀ ਨਾਲ ਡੂੰਘਾ ਸੰਬੰਧ ਹੈ। ਪਾਠਕ ਜਨ ਗ਼ੌਰ ਕਰਨ।

ਸਾਡਾ ਖਿਆਲ ਹੈ ਤੀਹ-ਬੱਤੀ ਸਾਲ, ਕਾਲਾ ਅਫ਼ਗਾਨਾ ਜੀ ਦਾ ਜ਼ੋਰ ਦੀ ਅੱਡੀ ਧਰਤੀ ਨਾਲ ਮਾਰ-ਮਾਰ ਕੇ ਆਪਣੇ ਅਫ਼ਸਰਾਂ ਨੂੰ ਸਲੂਟ ਦੇਣ ਕਾਰਨ ਦਿਮਾਗ ਦੀਆਂ ਨਸਾਂ ਕਮਜ਼ੋਰ ਹੋ ਗਈਆਂ ਹਨ। ਦੂਸਰੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਪੱਕੇ ਵਿਸ਼ਵਾਸ਼ੀ ਇਹ ਵੀ ਹਨ ਅਤੇ ਸਾਰਾ ਸਿੱਖ ਜਗਤ ਵੀ ਮੰਨਦਾ ਹੈ, ਗੁਰਬਾਣੀ ਦਰਸਾ ਰਹੀ ਹੈ:

**ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ**
**ਸਠੀ ਕੇ ਬੋਢੇਪਾ ਆਵੈ ॥ ਸਤਰਿ ਕਾ ਮਤਿਹੀਣੁ**
**ਅਸੀਹਾਂ ਕਾ ਵਿਉਹਾਰੁ ਨ ਪਾਵੈ ॥ ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ ॥**

*(ਅੰਗ-੧੩੮)*

ਅਤੇ ਕਾਲਾ ਅਫ਼ਗਾਨਾ ਜੀ 80 ਅਤੇ 90 ਦੇ ਵਿਚਕਾਰ ਦੇ ਡੰਡੇ 'ਤੇ ਬੈਠੇ ਹਨ, ਇਸੇ ਲਈ ਅਜਿਹੀਆਂ ਮਤਵਾਲੀਆਂ ਗੱਲਾਂ ਕਰ ਰਹੇ ਹਨ। ਅਮਰੀਕਾ ਵਰਗੇ ਦੇਸ਼ ਵਿਚ ਇਸ ਬੀਮਾਰੀ ਦੀ ਐਲੋਪੈਥਿਕ ਪ੍ਰਣਾਲੀ ਦੀ ਕੋਈ ਦਵਾਈ ਨਹੀਂ। ਇਸ ਲਈ ਜਾਂ ਤਾਂ ਹੋਮਿਓਪੈਥੀ ਦੀ ਕੋਈ ਦਵਾਈ ਵਰਤ ਕੇ ਦੇਖਣ ਜਾਂ ਫਿਰ ਮਹਾਨ ਕੋਸ਼ ਵਿਚ ਲਿਖੀ ਦੀਵਾਨਗੀ ਦੀ ਕੋਈ ਦਵਾਈ ਵਰਤ ਕੇ ਦੇਖ ਲੈਣ, ਸ਼ਾਇਦ ਕੋਈ ਫਾਇਦਾ ਹੋ ਜਾਵੇ। ਜੇ ਮੁਨਾਸਬ ਸਮਝਣ ਤਾਂ ਪੰਥ ਨੂੰ ਬੇਨਤੀ ਕਰਨ ਅਤੇ ਸਮੁੱਚਾ ਪੰਥ ਅਰਦਾਸ ਕਰੇ ਕਿ ਪ੍ਰਮੇਸ਼ਵਰ ਕਿਰਪਾ ਕੇ ਹੁਣ ਮਿੱਟੀ 'ਤੇ ਪੜਦਾ ਪਾ ਦੇਵੇ।

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥**
**ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥**

(ਕੰਵਰ ਅਜੀਤ ਸਿੰਘ)